ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਵੱਲ

ਪੰਜਾਬ ਰਾਜ ਵਿੱਚ ਕੰਮ ਕਰਦੇ ਵਿਭਾਗ ਦੇ ਸਮੂਹ ਡੀ. ਡੀ. ਓ.,
ਸਿੱਖਿਆ ਵਿਭਾਗ (ਸਕੂਲਜ਼)। (ਵੈਬਸਾਈਟ ਰਾਹੀਂ)

ਮੀਮੋ ਨੰ; 4/118/18-4ਸਿ4/ 145637811

ਮਿਤੀ, ਚੰਡੀਗੜ੍ਹ: 04-04-2019

ਵਿਸ਼ਾ ਵਿਭਾਗ ਦੇ ਅਧਿਕਾਰੀਆਂ /ਕਰਮਚਾਰੀਆਂ ਦੀ ਤਨਖਾਹ /ਹੋਰ ਫੰਡ ਆਦਿ ਕਢਵਾਉਣ ਸਮੇਂ ਵਰਤੀਆਂ ਜਾ ਰਹੀਆਂ ਅਣਗਹਿਲੀਆਂ ਸਬੰਧੀ।

****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਵਿਭਾਗ ਦੇ ਕੁੱਝ ਡੀ. ਡੀ. ਓਜ਼ ਵੱਲੋਂ ਅਧਿਕਾਰੀਆਂ/ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਫੰਡ ਆਦਿ ਕਢਵਾਉਣ ਸਮੇਂ ਮੁਕੰਮਲ ਵੇਰਵੇ ਆਦਿ ਚੈੱਕ ਨਹੀਂ ਕੀਤੇ ਜਾਂਦੇ, ਉਨ੍ਹਾਂ ਨੂੰ ਅਲਾਟ ਕੀਤੀ ਗਈ ਡੌਂਗਲ /ਪਾਸਵਰਡ ਆਮ ਤੌਰ ਤੇ ਅਧੀਨ ਅਮਲੇ/ਕਲਰਕਾਂ ਨੂੰ ਦੇ ਦਿੱਤਾ ਜਾਂਦਾ ਹੈ, ਈ. ਸੀ. ਐੱਸ ਰਿਪੋਰਟਾਂ ਚੈੱਕ/ਵੈਰੀਫਾਈ ਨਹੀਂ ਕੀਤੀਆਂ ਜਾਂਦੀਆਂ, ਕੈਸ਼ ਬੁੱਕ ਆਦਿ ਸਮੇਂ ਸਮੇਂ ਤੇ ਵੈਰੀਫਾਈ ਨਹੀਂ ਕੀਤੀ ਜਾਂਦੀ। ਜਿਸ ਨਾਲ ਵਿੱਤੀ ਅਨਿਯਮਤਾਈਆਂ ਪਾਈਆਂ ਜਾ ਰਹੀਆਂ ਹਨ, ਇਸ ਦਾ ਸਰਕਾਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ।

3. ਇਸ ਲਈ ਸਮੂਹ ਡੀ. ਡੀ. ਓਜ਼ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਰਕਾਰ ਵੱਲੋਂ ਅਲਾਟ ਕੀਤੀ ਡੌਂਗਲ/ਪਾਸਵਰਡ ਕੇਵਲ ਆਪਣੇ ਕੋਲ ਰੱਖਣ ਅਤੇ ਆਨਲਾਈਨ ਬਿੱਲ ਆਦਿ ਸਬਮਿਟ ਕਰਦੇ ਸਮੇਂ ਮੁਕੰਮਲ ਵੇਰਵੇ ਖੁਦ ਚੈੱਕ ਕਰਨ, ਤਸਦੀਕ ਕਰਨ ਅਤੇ, ਕੈਸ਼ਬੁੱਕ ਆਦਿ ਸਮੇਂ-ਸਮੇਂ ਤੇ ਵੈਰੀਫਾਈ ਕਰਨ, ਹਰੇਕ ਬਿੱਲ/ਖਾਤੇ ਦੀ ਈ. ਸੀ. ਐੱਸ. ਰਿਪੋਰਟ ਜਨਰੇਟ ਕਰਕੇ ਉਸਨੂੰ ਵੈਰੀਫਾਈ ਕਰਕੇ ਮੁਕੰਮਲ ਰਿਕਾਰਡ ਮੇਨਟੇਨ ਕੀਤਾ ਜਾਵੇ।

4. ਵਿੱਤੀ ਮਾਮਲੇ ਤੇ ਕੋਈ ਵੀ ਅਣਗਹਿਲੀ/ਬੇਨਿਯਮੀ ਪਾਈ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਡੀ. ਡੀ. ਓ. ਦੀ ਹੋਵੇਗੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ